## ਔਰਤ-ਕਾਵਿ -2

ਭਰੀ ਭਰਾਈ ਰੱਬ ਦੀ ਜਾਈ

ਸਗਲ ਸਬੂਤੀ ਸਾਰੀ ਦੀ ਸਾਰੀ

ਕਿਣਕਾ ਕਿਣਕਾ ਕਰਕੇ

ਮੁੱਠੀ ਦੀਆਂ ਵਿਰਲਾਂ 'ਚੋਂ

ਪਲ ਪਲ ਕਿਰਦੀ ਜਾਂਦੀ

ਦਿਲ ਦੀ ਵੇਦਨ, ਸਬਰ ਸਬੂਰੀ

ਜਿਸਮ ਤੇ ਜ਼ਿਹਨ ਦੀਆਂ ਹੱਦਾਂ 'ਚੋਂ

ਕਤਰਾ ਕਤਰਾ ਸਿੰਮਦੀ ਜਾਂਦੀ

ਬੂੰਦ ਬੂੰਦ ਛਲਕ ਜਾਂਦੀ

ਦਿਲ ਚੀਰ ਕੇ ਖੁਆ ਦਿੰਦੀ

ਸਾਰਾ ਪਿਆਰ ਪਿਲਾ ਜਾਂਦੀ

ਅਣਮੁੱਕ ਖ਼ਜ਼ਾਨਾ ਮੁਹਬੱਤਾਂ ਦਾ

ਰੱਤੀ ਰੱਤੀ ਕਰ ਲੁਟਾ ਦਿੰਦੀ

ਮਨਫ਼ੀ ਹੁੰਦੀ ਖਰਚ ਹੋ ਜਾਂਦੀ।

ਪਤਾ ਹੀ ਨਾ ਲਗਦਾ

ਜਦ ਸਾਰੀ ਦੀ ਸਾਰੀ ਔਰਤ

ਖੁਰ ਜਾਂਦੀ ਮੁੱਕ ਜਾਂਦੀ।